# ਪ੍ਰਵਾਰ ਖਾਲਸਾ ਪੰਥ ਉਸਾਰ ਚੱਲਿਆ



ਗੁਰਪੁਰਵਾਸੀ ਦਲੀਪ ਸਿੰਘ 'ਬਾਵਾ'
ਲੁਧਿਆਣਾ

ਨੌਂ ਸਾਲਾਂ ਦੇ ਛੱਡ ਕੇ ਬਾਲ ਗੋਬਿੰਦ,
ਨੌਂਵੇਂ ਪਿਤਾ ਜਦ ਦਿੱਲੀ ਨੂੰ ਜਾਣ ਲੱਗੇ।
ਦੁਨੀਆਂ ਦੁੱਖੀ ਦੇ ਦਰਦ ਸਮੇਟ ਸਾਰੇ,
ਝੋਲੀ ਅਪਣੇ ਪ੍ਰਵਾਰ ਦੀ ਪਾਣ ਲੱਗੇ।
ਕਰਕੇ ਸੀਸ ਦੁਵਾਤ ਤੇ ਖ਼ੂਨ ਸਿਆਹੀ,
ਨਕਸ਼ੇ ਹੋਣੀ ਦੇ ਹੋਣੀ ਨਾਲ ਵਾਹੁਣ ਲੱਗੇ।
ਬਾਲਾ ਪ੍ਰੀਤਮ ਤਾਂ ਆਪ ਹੀ ਤੋਰ ਰਹੇ ਸਨ,
ਮਾਤ ਗੁਜਰੀ ਜੀ ਜ਼ਰਾ ਘਬਰਾਉਣ ਲੱਗੇ।
ਤਾਂ ਦਿੱਤਾ ਵਰ ਕਿ ਹੰਸਾਂ ਜਿਹੇ ਚਾਰ ਪੋਤੇ,
ਭਾਗ੍ਹਾਂ ਵਾਲੀਏ ਗੋਦ ਖਿਡਾਏਂਗੀ ਤੂੰ।
ਪਾਲ ਪੋਸ ਤੇ ਗੱਭਰੂ ਜੁਆਨ ਕਰਕੇ,
ਜੋੜੀ ਜੋੜੀ ਕਰ ਘੋੜੀ ਚੜ੍ਹਾਏਂਗੀ ਤੂੰ।

ਰਿਸ਼ਤੇ ਇਹਨਾਂ ਲਈ ਭਾਲਣ ਦੀ ਲੋੜ ਕੋਈ ਨਹੀਂ,
ਫਿਕਰ ਤੇਰੇ ਮੈਂ ਸਾਰੇ ਹੀ ਲਾਹ ਚੱਲਿਆ।
ਚੋਜੀ ਗੋਬਿੰਦ ਨੂੰ ਸੋਝੀ ਦੀ ਜ਼ਾਤ ਵਿਚੋਂ,
ਜੋ ਬਣਨੇ ਕੁੜਮ ਨੇ ਪਹਿਲੋਂ ਵਖਾ ਚੱਲਿਆ।
ਤਾਰੂ ਸਿੰਘ, ਦਇਆਲਾ, ਮਤੀਦਾਸ, ਗੁਰਮੁਖ,
ਜਾਂਞੀ ਜੰਞ ਲਈ ਸੋਹਣੇ ਸਜਾ ਚੱਲਿਆ।
ਵੇਲੇ ਢੁਕਣ ਦੇ ਚਿਰਕ ਨ ਹੋਇ ਕਿਧਰੇ,
ਚਾਲੇ ਮਿਲਣੀ ਲਈ ਪਹਿਲੋਂ ਹੀ ਪਾ ਚੱਲਿਆ।
ਸ਼ਗਨ ਲਾਉ ਤਾਂ ਕੇਸਰ ਥਾਂ ਖ਼ੂਨ ਮੇਰਾ,
ਤਿਲਕ ਮਸਤਕ 'ਤੇ ਚਵ੍ਹਾਂ ਦੇ ਲਾ ਦੇਣਾ।
ਵਾਗਾਂ ਗੁੰਦ ਲਏਗੀ ਹੋਣੀ ਭੈਣ ਬਣਕੇ,
ਸੋਹਲੇ ਖ਼ੂਨ ਦੇ ਘੋੜੀਆਂ ਗਾ ਦੇਣਾ।

ਵੱਡੇ ਜੋੜੇ ਦਾ ਆਣ ਵਿਆਹ ਰਚਿਆ,
ਰਫਿਊਜੀ ਗੁਰੂ ਚਮਕੌਰ ਦੀ ਗੜ੍ਹੀ ਅੰਦਰ।
ਰੀਝਾਂ ਲਾਹੁਣ ਵਾਲੇ, ਸ਼ਗਨ ਮਨਾਉਣ ਵਾਲੇ,
ਵਿਛੜੇ ਜਦੋਂ ਸਨ ਕਸ਼ਟਾਂ ਦੀ ਘੜੀ ਅੰਦਰ।
ਧੌਂਸੇ ਖੜਕ ਪਏ, ਤੂਤੀਆਂ ਬਿਗਲ ਵੱਜੇ,
ਕੰਡੇ ਫੁਲਾਂ ਥਾਂ ਸਿਹਰੇ ਦੀ ਲੜੀ ਅੰਦਰ।
ਲਾੜੀ ਸੁੰਦਰ ਇਹ ਲਾੜੇ ਵਿਆਹੁਣ ਟੁਰ ਪਏ,
ਛਾਂ ਤੇਗਾਂ ਦੀ ਤੀਰਾਂ ਦੀ ਝੜੀ ਅੰਦਰ।
ਜੁਝਾਰ ਪਰਤੇ ਕੁਝ ਪਿਆਸੇ ਨਿਢਾਲ ਹੋ ਕੇ,
ਕਿਹਾ ਲਾੜੀ ਬਿਨਾਂ ਪਰਤਕੇ ਆਈਦਾ ਨਹੀਂ,
ਪਾਣੀ ਪੀ ਹੁਣ ਸਹੁਰੇ ਘਰ ਜਾ ਕੇ,
ਟੋਰਣ ਲੱਗਿਆਂ ਪਾਣੀ ਪਿਆਈਦਾ ਨਹੀਂ।

ਕੱਟੇ ਸੀਸਾਂ ਦੀ ਲੱਗੀ ਹੋਈ ਲਾਈਨ ਜਾਪੇ,
ਗਮਲੇ ਰਾਹਾਂ ਵਿੱਚ ਕੁੜਮਾਂ ਸਜਾਏ ਹੋਏ ਨੇ।
ਲੱਥਪੱਥ ਧਰਤੀ ਸੀ ਖ਼ੂਨ ਨਾਲ ਲਾਲ ਰੰਗੀ,
ਜਿਉਂ ਬੱਜਰੀ ਸੁੱਟ ਕੇ ਰਾਹ ਬਣਾਏ ਹੋਏ ਨੇ।
ਵੈਰੀ ਦਲ ਸਨ ਖੜੇ ਉਡੀਕ ਕਰ ਰਹੇ,
ਜਿਉਂ ਰਾਹਾਂ ਵਿੱਚ ਦਰਬਾਨ ਖੜਾਏ ਹੋਏ ਨੇ।
ਲਾਸ਼ਾਂ ਆਸਰੇ ਖੜੇ ਕਈ ਧੜ ਜਾਪਣ,
ਜਿਉਂ ਖੰਬੇ ਗੱਡ ਕੇ ਗੇਟ ਬਣਾਏ ਹੋਏ ਨੇ।
ਕੋਈ ਸੁੰਦਰੀ ਜਗਤ ਦੀ ਹਾਣ ਨ ਸ਼ੋਭਦੀ ਸੀ,
ਸਵਰਗ ਪੁਰੀ ਵਿੱਚ ਤਾਈਉਂ ਮੰਗਾਏ ਹੋਏ ਸਨ।
ਉੱਡਦਾ ਖ਼ੂਨ ਸੀ ਲਾਲ ਗੁਲਾਲ ਦੀ ਥਾਂ,
ਸਵਾਗਤ ਕਰਨ ਲਈ ਦੇਵਤੇ ਆਏ ਹੋਏ ਸਨ।

ਓਧਰ ਜੰਞ ਦਾਦੀ ਛੋਟੇ ਦੂਲਿਆਂ ਦੀ,
ਰੀਝਾਂ ਨਾਲ ਸੀ ਕੈਸੀ ਸਜਾਈ ਵੇਖੋ।
ਘੋੜੀ ਕਿਥੋਂ ਰਫੀਊਜੀ ਪ੍ਰਵਾਰ ਸੀ ਇਹ,
ਘੋੜੀ ਕੰਧ ਦੀ ਕੈਸੀ ਬਣਾਈ ਵੇਖੋ।
ਚੜ੍ਹਤਲ ਚਿਹਰਿਆਂ ਦੀ ਝਾਲ ਨਾ ਜਾਏ ਝੱਲੀ,
ਵੇਖਣ ਆਈ ਸੀ ਸਾਰੀ ਖ਼ੁਦਾਈ ਵੇਖੋ।
ਜਗਤ ਰੋਸ਼ਨੀ ਲੈ ਰਿਹੈ ਸਦਾ ਲਏਗਾ,
ਓਹਨਾਂ ਵਰ ਕੇ ਮੌਤ ਨੂੰ ਕੀਤੀ ਰੁਸ਼ਨਾਈ ਵੇਖੋ।
ਗਦ ਗਦ ਹੋਏ ਜਦ ਮਾਹੀ ਸੰਦੇਸ਼ ਦਿੱਤਾ,
ਦਾਤੇ ਕਿਹਾ ਮੈਂ ਚਾਰੇ ਪਰਨਾ ਲਏ ਨੇ।
ਦਾਤਾਂ ਵਾਲਿਆ ਤੇਰੀ ਸਨ ਦਾਤ ਚਾਰੇ,
ਮਿਹਰ ਕੀਤੀ ਆ ਲੇਖੇ ਲਾ ਲਏ ਨੇ।

ਕੋਈ ਸੁੱਤਾ ਕੰਡਿਆਂ ਦੀ ਸੇਜ 'ਤੇ ਆਖਦਾ ਏ,
ਜਾਮਾ ਹੋਇਆ ਕੀ ਲੀਰੋ ਲੀਰ ਜੇਕਰ ।
ਅਨੰਦਪੁਰੀ ਦੇ ਛੱਡੇ ਅਨੰਦ ਸਾਰੇ,
ਸ਼ਹਿਨਸ਼ਾਹ ਤੋਂ ਬਣਿਆ ਫਕੀਰ ਜੇਕਰ ।
ਬਦਨ ਛਿੱਲਿਆ, ਚਰਨਾਂ ਤੋਂ ਲਹੂ ਚਲਦਾ,
ਨਾਲ ਸਿੱਖਾਂ ਦੀ ਨਵੀਂ ਵਹੀਰ ਜੇਕਰ।
ਸਭ ਕੁਝ ਲਾ ਲਿਆ ਬਾਕੀ ਸਰੀਰ ਲਗ ਜਾਇ,
ਢੇਰੀ ਖਾਕ ਦੀ ਹੋਣੈ ਆਖੀਰ ਜੇਕਰ।
ਜਿੱਤ ਲਈ ਜਿੱਤ ਜੋ ਜਿੱਤਣ ਲਈ ਜਿੱਤ ਆਇਆ,
ਜੋ ਕੁਝ ਕੋਲ ਸੀ ਸਭ ਕੁਝ ਹਾਰ ਚੱਲਿਆ।
ਇਕ ਇਕ ਜੀਅ ਪ੍ਰਵਾਰ ਦਾ ਵਾਰ ਹੱਥੀਂ,
ਪ੍ਰਵਾਰ ਖਾਲਸਾ ਪੰਥ ਉਸਾਰ ਚੱਲਿਆ।

ਭਾਣਾ ਮੰਨੇ ਸਦਾ ਸੁਖੁ ਹੋਇ ॥ (ਪੰਨਾ ੩੯੪)